# ਪਿੱਠਭੂਮੀ

## ਭਾਈਚਾਰਿਆਂ ਨੂੰ ਵਧੇਰੇ ਮਜ਼ਬੂਤ ਅਤੇ ਸੁਰੱਖਿਅਤ ਬਣਾਉਣਾ

ਬੀ.ਸੀ. ਵਿੱਚ ਹਰ ਕੋਈ ਨਿਆਂ ਤੱਕ ਸਮੇਂ ਸਿਰ ਪਹੁੰਚ ਕਰਨ ਵਾਲੇ ਇੱਕ ਸੁਰੱਖਿਅਤ ਅਤੇ ਘਰ ਕਹਿਣ-ਯੋਗ ਭਾਈਚਾਰੇ ਦਾ ਹੱਕਦਾਰ ਹੈ। ਬੱਜਟ 2025 ਵਿੱਚ ਆਊਟਡੋਰ (ਬਾਹਰ) ਰਹਿਣ ਵਾਲੇ ਲੋਕਾਂ ਲਈ ਰਿਹਾਇਸ਼ਾਂ ਦੇ ਵਿਕਲਪ ਪ੍ਰਦਾਨ ਕਰਨ ਅਤੇ 'ਇਨਕੈਂਪਮੈਂਟਸ' (ਘਰ ਛੱਡ ਕੇ ਕੈਂਪਾਂ ਵਿੱਚ ਆ ਕੇ ਰਹਿਣ) ਦੀ ਸਮੱਸਿਆ ਨੂੰ ਹੱਲ ਕਰਨ, ਡਕੈਤੀ, 'ਸ਼ੌਪਲਿਫ਼ਟਿੰਗ' (ਦੁਕਾਨਾਂ ਤੋਂ ਚੋਰੀ ਚੀਜ਼ਾਂ ਚੁੱਕਣਾ) ਅਤੇ ਪ੍ਰੌਪਰਟੀ ਸੰਬੰਧਤ ਹੋਰ ਅਪਰਾਧਾਂ ਬਾਰੇ ਜਨਤਕ ਸੁਰੱਖਿਆ ਚਿੰਤਾਵਾਂ ਨੂੰ ਹੱਲ ਕਰਨ, ਅਪਰਾਧ ਨਾਲ ਨਜਿੱਠਣ ਲਈ ਕਨੂੰਨ ਲਾਗੂ ਕਰਨ ਵਾਲਿਆਂ ਨੂੰ ਵਧੇਰੇ ਸਰੋਤ ਪ੍ਰਦਾਨ ਕਰਨ, ਅਤੇ ਨਿਆਂ ਤੱਕ ਸਮੇਂ ਸਿਰ ਪਹੁੰਚ ਨੂੰ ਯਕੀਨੀ ਬਣਾਉਣ ਅਤੇ ਹੋਰ ਜਨਤਕ ਸੁਰੱਖਿਆ ਪ੍ਰੋਗਰਾਮਾਂ ਲਈ ਸਹਿਯੋਗ ਜਾਰੀ ਰੱਖਣ ਲਈ ਕਨੂੰਨੀ ਪ੍ਰਣਾਲੀ ਵਿੱਚ ਸਮਰੱਥਾ ਵਧਾਉਣ ਲਈ ਤਿੰਨ ਸਾਲਾਂ ਵਿੱਚ ਨਵੀਂ ਫੰਡਿੰਗ ਰਾਹੀਂ $325 ਮਿਲੀਅਨ ਦਾ ਨਿਵੇਸ਼ ਕੀਤਾ ਗਿਆ ਹੈ।

### 'ਇਨਕੈਂਪਮੈਂਟਸ' ਨੂੰ ਹਟਾਉਣਾ ਅਤੇ ਜੋਖਮ ਪ੍ਰਤੀ ਸਭ ਤੋਂ ਕਮਜ਼ੋਰ ਲੋਕਾਂ ਦੀ ਸਹਾਇਤਾ ਕਰਨਾ

ਬੱਜਟ 2025 ਨਵੇਂ ਭਾਈਚਾਰਿਆਂ ਵਿੱਚ HEART (Homeless Encampment Action Response Team) ਅਤੇ HEARTH (Homeless Encampment Action Response Temporary Housing) ਪ੍ਰੋਗਰਾਮਾਂ ਦਾ ਵਿਸਤਾਰ ਕਰਨ ਲਈ ਤਿੰਨ ਸਾਲਾਂ ਵਿੱਚ $90 ਮਿਲੀਅਨ ਦੀ ਹੋਰ ਫੰਡਿੰਗ ਪ੍ਰਦਾਨ ਕਰ ਰਿਹਾ ਹੈ।

ਇਹ ਪ੍ਰੋਗਰਾਮ ਸਥਾਨਕ ਸਰਕਾਰਾਂ ਅਤੇ ਫਰਸਟ ਨੇਸ਼ਨਜ਼, ਗੈਰ-ਮੁਨਾਫਾ ਸੰਸਥਾਵਾਂ ਅਤੇ ਸਿਹਤ-ਸੰਭਾਲ ਪ੍ਰਦਾਨ ਕਰਨ ਵਾਲਿਆਂ ਨਾਲ ਕੰਮ ਕਰਦੇ ਹਨ ਤਾਂ ਜੋ ਆਊਟਡੋਰ (ਬਾਹਰ) ਅਤੇ ਇਨਕੈਂਪਮੈਂਟਸ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਹਾਇਤਾ ਸੇਵਾਵਾਂ, ਪਨਾਹ ਅਤੇ ਰਿਹਾਇਸ਼ੀ ਵਿਕਲਪਾਂ ਨਾਲ ਜੋੜਿਆ ਜਾ ਸਕੇ, ਤਾਂ ਜੋ ਉਨ੍ਹਾਂ ਨੂੰ ਅੰਦਰ ਪਨਾਹ ਦਿੱਤੀ ਜਾ ਸਕੇ ਅਤੇ ਇਨਕੈਂਪਮੈਂਟਾਂ ਨੂੰ ਹਟਾਇਆ ਜਾ ਸਕੇ।

ਸਾਲ 2023 ਤੋਂ ਲੈ ਕੇ ਹੁਣ ਤੱਕ, 'ਬੀ ਸੀ ਹਾਊਸਿੰਗ' ਨੇ ਕੁੱਲ 611 ਅਸਥਾਈ ਸਹਾਇਕ ਘਰਾਂ ਜਾਂ ਸ਼ੈਲਟਰ ਬੈੱਡਾਂ ਲਈ, ਸੂਬੇ ਭਰ ਵਿੱਚ 15 HEARTH ਸਾਈਟਾਂ ਖੋਲ੍ਹਣ ਲਈ 10 ਮਿਊਂਨਿਸਿਪੈਲਿਟੀਆਂ ਨਾਲ ਭਾਈਵਾਲੀ ਕੀਤੀ ਹੈ। ਇਸ ਵਿੱਚ ਐਬਟਸਫੋਰਡ, ਕੈਂਪਬੈਲ ਰਿਵਰ, ਚਿਲੀਵੈਕ, ਡੰਕਨ, ਕੈਮਲੂਪਸ, ਕਲੋਨਾ, ਨਨਾਇਮੋ, ਪ੍ਰਿੰਸ ਜੌਰਜ, ਵੈਨਕੂਵਰ ਅਤੇ ਵਿਕਟੋਰੀਆ ਦੀਆਂ ਸਾਈਟਾਂ ਸ਼ਾਮਲ ਹਨ।

### ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣਾ

ਬੱਜਟ 2025 ਨਿਆਂ ਅਤੇ ਜਨਤਕ ਸੁਰੱਖਿਆ ਪ੍ਰੋਗਰਾਮਾਂ ਰਾਹੀਂ ਲੋਕਾਂ ਅਤੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਲਈ ਨਵੇਂ ਨਿਵੇਸ਼ਾਂ ਵਿੱਚ $235 ਮਿਲੀਅਨ ਪ੍ਰਦਾਨ ਕਰ ਰਿਹਾ ਹੈ।

ਨਵੀਂ ਫੰਡਿੰਗ ਦੇ $24 ਮਿਲੀਅਨ, ਨਿਆਂ ਤੱਕ ਸਮੇਂ ਸਿਰ ਪਹੁੰਚ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਨਗੇ, ਜਿਸ ਵਿੱਚ ਬੀ.ਸੀ. ਸੁਪਰੀਮ ਕੋਰਟ ਦੀ ਸਮਰੱਥਾ ਵਧਾਉਣਾ, ਅਤੇ ਵੈਨਕੂਵਰ ਵਿੱਚ 222 Main Street ਵਿਖੇ ਵੈਨਕੂਵਰ ਪ੍ਰੋਵਿੰਸ਼ੀਅਲ ਕੋਰਟ ਵਿੱਚ ਸੁਰੱਖਿਆ ਵਧਾਉਣਾ ਸ਼ਾਮਲ ਹੈ। ਇਹ ਵਰਚੁਅਲ ਜ਼ਮਾਨਤ ਦੇ ਵਿਸਤਾਰ ਨੂੰ ਵੀ ਜਾਰੀ ਰੱਖੇਗਾ, ਜਿਸ ਨਾਲ ਨਿਆਂ ਅਤੇ ਭਾਈਚਾਰਕ ਸੁਰੱਖਿਆ ਤੱਕ ਪਹੁੰਚ ਵਿੱਚ ਸੁਧਾਰ ਹੋਵੇਗਾ।

ਬੱਜਟ 2025 ਪੀੜਤਾਂ, ਨਜ਼ਦੀਕੀ ਪਰਿਵਾਰਕ ਮੈਂਬਰਾਂ ਅਤੇ ਗਵਾਹਾਂ ਦੀ ਸਹਾਇਤਾ ਲਈ, ਤਿੰਨ ਸਾਲਾਂ ਵਿੱਚ $15 ਮਿਲੀਅਨ ਦੀ ਨਵੀਂ ਫੰਡਿੰਗ ਪ੍ਰਦਾਨ ਕਰਦਾ ਹੈ, ਅਤੇ ਨਾਲ ਹੀ ਬੀ ਸੀ ਕੋਰੋਨਰਜ਼ ਸਰਵਿਸ (BC Coroners Service), ਬੀ ਸੀ ਕਰੈਕਸ਼ਨਜ਼

(BC Corrections) ਅਧੀਨ ਇਲੈਕਟ੍ਰੌਨਿਕ ਨਿਗਰਾਨੀ ਅਤੇ ਅੱਗ ਦੀਆਂ ਜਾਂਚਾਂ (fire inspections) ਵਿੱਚ ਵਾਧੇ ਲਈ $24 ਮਿਲੀਅਨ ਪ੍ਰਦਾਨ ਕਰਦਾ ਹੈ।

**ਕਨੂੰਨ ਲਾਗੂਕਰਨ ਅਤੇ ਵਧੇਰੇ ਅਧਿਕਾਰੀਆਂ ਨੂੰ ਸਿਖਲਾਈ ਦੇਣ ਲਈ ਸਰੋਤ ਪ੍ਰਦਾਨ ਕਰਨਾ**

ਤਿੰਨ ਸਾਲਾਂ ਵਿੱਚ $67 ਮਿਲੀਅਨ ਦੀ ਵਧੇਰੇ ਫੰਡਿੰਗ, ਭਾਈਚਾਰਕ ਸੁਰੱਖਿਆ ਪ੍ਰੋਗਰਾਮਾਂ ਵੱਲ ਜਾਵੇਗੀ, ਜਿਸ ਵਿੱਚ ਇੱਕ ਨਵਾਂ 'ਕਮਿਊਨਿਟੀ ਸੇਫ਼ਟੀ ਐਂਡ ਟਾਰਗੈਟਿਡ ਇਨਫੋਰਸਮੈਂਟ ਪ੍ਰੋਗਰਾਮ' (Community Safety and Targeted Enforcement Program) ਪਾਇਲਟ ਸ਼ਾਮਲ ਹੈ ਜੋ ਡਕੈਤੀ, 'ਸ਼ੌਪਲਿਫ਼ਟਿੰਗ' ਅਤੇ ਪ੍ਰੌਪਰਟੀ ਸੰਬੰਧਤ ਹੋਰ ਅਪਰਾਧਾਂ ਨੂੰ ਨਿਸ਼ਾਨਾ ਬਣਾਏਗਾ। ਇਹ ਪ੍ਰੋਗਰਾਮ, ਪੁਲਿਸ ਨੂੰ ਸੜਕਾਂ 'ਤੇ ਅਵਿਵਸਥਾ ਨਾਲ ਨਜਿੱਠਣ ਲਈ ਸਾਧਨ ਪ੍ਰਦਾਨ ਕਰੇਗਾ ਅਤੇ ਬੀ.ਸੀ. ਭਰ ਦੇ ਭਾਈਚਾਰਿਆਂ ਵਿੱਚ ਡਾਊਨਟਾਊਨ ਅਤੇ ਵਪਾਰਕ ਖੇਤਰਾਂ ਨੂੰ ਸੁਰੱਖਿਅਤ ਬਣਾਉਣ ਵਿੱਚ ਯੋਗਦਾਨ ਪਾਏਗਾ।

ਸੂਬਾ 'ਦੁਹਰਾਊ ਹਿੰਸਕ ਅਪਰਾਧ ਲਈ ਦਖਲਅੰਦਾਜ਼ੀ ਸੰਬੰਧੀ ਪਹਿਲਕਦਮੀ' (Repeat Violent Offending Intervention Initiative) ਪ੍ਰੋਗਰਾਮ ਅਤੇ 'ਵਿਸ਼ੇਸ਼ ਜਾਂਚ ਅਤੇ ਟੀਚਾਬੱਧ ਲਾਗੂਕਰਨ' (Special Investigation and Targeted Enforcement, SITE) ਪ੍ਰੋਗਰਾਮ ਵਿੱਚ ਨਿਵੇਸ਼ ਕਰਨਾ ਜਾਰੀ ਰੱਖੇਗਾ। ਇਹ ਪ੍ਰੋਗਰਾਮ ਹਿੰਸਕ ਅਪਰਾਧ ਦੁਹਰਾਉਣ ਵਾਲੇ ਅਪਰਾਧੀਆਂ ਨਾਲ ਨਜਿੱਠਣ ਲਈ ਪੁਲਿਸ, ਵਕੀਲਾਂ ਅਤੇ ਪ੍ਰੋਬੇਸ਼ਨ ਅਫਸਰਾਂ ਤੋਂ ਬਣੀਆਂ ਤਾਲਮੇਲ ਵਾਲੀਆਂ ਪ੍ਰਤੀਕਿਰਿਆ ਟੀਮਾਂ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦੇ ਹਨ।

ਬੱਜਟ 2025 'ਜਸਟਿਸ ਇੰਸਟੀਚਿਊਟ ਔਫ ਬੀ.ਸੀ.' (Justice Institute of B.C.) ਲਈ ਨਵੀਂ ਫੰਡਿੰਗ ਦੇ ਰਿਹਾ ਹੈ ਜਿਸ ਨਾਲ ਪੁਲਿਸ ਅਕੈਡਮੀ ਦੀ ਸਿਖਲਾਈ ਸਮਰੱਥਾ ਨੂੰ ਪ੍ਰਤੀ ਸਾਲ 192 ਤੋਂ 288 ਅਫ਼ਸਰਾਂ ਤੱਕ ਵਧਾਇਆ ਜਾਏਗਾ।

ਤਿੰਨ ਸਾਲਾਂ ਵਿੱਚ $104 ਮਿਲੀਅਨ ਦੀ ਵਧੇਰੇ ਫੰਡਿੰਗ, ਪੁਲਿਸਿੰਗ ਪ੍ਰੋਗਰਾਮਾਂ ਲਈ, ਜਿਸ ਵਿੱਚ ਫਰਸਟ ਨੇਸ਼ਨਜ਼ ਅਤੇ ਇਨੂਇਟ ਪੁਲਿਸਿੰਗ ਪ੍ਰੋਗਰਾਮ ਸ਼ਾਮਲ ਹਨ, ਅਤੇ ਸੂਬਾਈ RCMP ਡਿਟੈਚਮੈਂਟਸ ਲਈ ਗੱਲਬਾਤ ਕਰਕੇ ਕੀਤੇ ਤਨਖਾਹ ਵਾਧੇ ਲਈ ਵਰਤੀ ਜਾਵੇਗੀ। ਇਹ ਪਾਰਦਰਸ਼ਤਾ ਅਤੇ ਜਵਾਬਦੇਹੀ ਵਿੱਚ ਸੁਧਾਰ ਕਰਨ ਲਈ 2024 ਵਿੱਚ ਸ਼ੁਰੂ ਕੀਤੇ ਗਏ 'ਨੈਸ਼ਨਲ ਬੌਡੀ ਵੋਰਨ ਕੈਮਰਾ ਪ੍ਰੋਗਰਾਮ' (National Body Worn Camera Program) ਨੂੰ ਵੀ ਸਹਿਯੋਗ ਦੇਵੇਗੀ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਰੀਲੇਸ਼ਨਜ਼
236 969-0744